**I/62087/2020**

**ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਫਾਜਿਲਕਾ**

**ਥਾਣਿਆਂ ਦੀਆਂ ਨਵੀਂਆਂ ਇਮਾਰਤਾਂ ਲਈ ਥਾਂ ਦੀ ਚੋਣ ਸਬੰਧੀ ਹੋਈ ਬੈਠਕ**

**ਫਾਜ਼ਿਲਕਾ, 10 ਅਗਸਤ**

ਡਿਪਟੀ ਕਮਿਸ਼ਨਰ ਸ: ਅਰਵਿੰਦ ਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਵਿਚ ਇਕ ਬੈਠਕ ਹੋਈ ਜਿਸ ਵਿਚ ਜ਼ਿਲੇ ਵਿਚ ਵੱਖ ਵੱਖ ਥਾਣਿਆਂ ਦੀਆਂ ਨਵੀਂਆਂ ਇਮਾਰਤਾਂ ਦੇ ਨਿਰਮਾਣ ਸਬੰਧੀ ਥਾਂਵਾਂ ਦੀ ਚੋਣ ਸਬੰਧੀ ਵਿਚਾਰ ਚਰਚਾ ਕੀਤੀ ਗਈ। ਬੈਠਕ ਵਿਚ ਐਸ.ਐਸ.ਪੀ. ਸ: ਹਰਜੀਤ ਸਿੰਘ ਵੀ ਹਾਜਰ ਸਨ।

ਬੈਠਕ ਦੌਰਾਨ ਜਾਣਕਾਰੀ ਦਿੱਤੀ ਗਈ ਕਿ ਪੁਲਿਸ ਵਿਭਾਗ ਦੇ ਕੰਮ ਕਾਜ ਨੂੰ ਹੋਰ ਪ੍ਰਭਾਵੀ ਬਣਾਉਣ ਲਈ ਜ਼ਿਲੇ ਵਿਚ ਜਿੰਨਾਂ ਥਾਣਿਆਂ ਦੀਆਂ ਇਮਾਰਤਾਂ ਨਹੀਂ ਹਨ, ਦੀਆਂ ਨਵੀਂਆਂ ਇਮਾਰਤਾਂ ਬਣਾਈਆਂ ਜਾਣੀਆਂ ਹਨ। ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨੇ ਦੱਸਿਆ ਕਿ ਜ਼ਿਲੇ ਦੇ ਪੁਲਿਸ ਚੌਕੀ ਰੋੜਾਂ ਵਾਲੀ, ਖੂਈ ਖੇੜਾ, ਵੈਰੋਕੇ, ਥਾਣਾ ਸਿਟੀ 2 ਅਬੋਹਰ ਅਤੇ ਅਮੀਰ ਖਾਸ ਥਾਣਿਆਂ ਦੀਆਂ ਨਵੀਂਆਂ ਇਮਾਰਤਾਂ ਬਣਨੀਆਂ ਹਨ। ਇਸ ਤੋਂ ਬਿਨਾਂ ਐਸ.ਐਸ.ਪੀ. ਸ: ਹਰਜੀਤ ਸਿੰਘ ਨੇ ਕਿਹਾ ਕਿ ਅਬੋਹਰ ਵਿਖੇ ਐਸ.ਪੀ. ਅਤੇ ਡੀਐਸਪੀ ਦੇ ਦਫ਼ਤਰ ਬਣਾਉਣੇ ਵੀ ਵਿਚਾਰਅਧੀਨ ਹਨ। ਬੈਠਕ ਦੌਰਾਨ ਇੰਨਾਂ ਥਾਣਿਆਂ ਲਈ ਢੁੱਕਵੀਂ ਥਾਂ ਦੀ ਚੋਣ ਅਤੇ ਫਿਰ ਜਲਦੀ ਪੁਲਿਸ ਵਿਭਾਗ ਨੂੰ ਦੇਣ ਸਬੰਧੀ ਹਦਾਇਤ ਕੀਤੀ ਗਈ।

ਬੈਠਕ ਵਿਚ ਏ.ਡੀ.ਸੀ. ਵਿਕਾਸ ਸ੍ਰੀ ਨਵਲ ਕੁਮਾਰ, ਐਸ.ਪੀ.ਐਚ. ਸ੍ਰੀ ਮੋਹਨ ਲਾਲ, ਸਹਾਇਕ ਕਮਿਸ਼ਨਰ ਜਨਰਲ ਸ੍ਰੀ ਕੰਵਰਜੀਤ ਸਿੰਘ, ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਸ: ਸੁਖਪਾਲ ਸਿੰਘ ਵੀ ਹਾਜਰ ਸਨ।

**I/62091/2020**

**ਸੂਚਨਾ ਤੇ ਜ਼ਿਲਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ**

**ਬਲਾਕ ਖੂਈਆਂ ਸਰਵਰ ਦੇ 370 ਵਿਦਿਆਰਥੀਆਂ ਨੇ ਭਾਗ ਲੈ ਕੇ ਪੰਜਾਬ ਵਿਚੋਂ ਹਾਸਲ**

**ਕੀਤਾ ਤੀਜਾ ਸਥਾਨ-ਡਾ. ਬੱਲ**

***ਫ਼ਾਜ਼ਿਲਕਾ ਦੇ ਸਾਰੇ ਵਰਗਾਂ ਵਿਚ 1548 ਵਿਦਿਆਰਥੀਆਂ ਦੀ ਰਹੀ ਭਾਗੀਦਾਰੀ-ਡਾ. ਸਿੱਧੂ**

**ਫਾਜ਼ਿਲਕਾ, 10 ਅਗਸਤ**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਕੂਲ ਸਿਖਿਆ ਵਿਭਾਗ ਵੱਲੋਂ ਸਿਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਦੀ ਯੋਗ ਅਗਵਾਈ ਅਤੇ ਸਿਖਿਆ ਸਕੱਤਰ ਿਸ਼ਨ ਕੁਮਾਰ ਦੀ ਦੇਖ-ਰੇਖ ਹੇਠ ਡਾਇਰੈਕਟਰ ਐਸ.ਸੀ.ਈ.ਆਰ.ਟੀ

ਜਰਨੈਲ ਸਿੰਘ ਅਤੇ ਸਮੁੱਚੀ ਸਿਖਿਆ ਵਿਭਾਗ ਦੀ ਟੀਮ ਦੇ ਯਤਨਾ ਸਦਕਾ ਵਿੱਢੀ ਗਈ ਲੜੀਵਾਰ ਮੁਹਿੰਮ ਤਹਿਤ ਵਿਦਿਆਰਥੀਆਂ ਦੇ ਆਨ-ਲਾਈਨ ਮੁਕਾਬਲੇ ਕਰਵਾਏ ਜਾ ਰਹੇ ਹਨ।

ਇਹ ਜਾਣਕਾਰੀ ਦਿੰਦਿਆਂ ਜ਼ਿਲਾ ਸਿਖਿਆ ਅਫਸਰ ਸੈਕੰਡਰੀ ਡਾ. ਤ੍ਰਿਲੋਚਨ ਸਿੰਘ ਨੇ ਦੱਸਿਆ ਕਿ ਸਕੂਲ ਪੱਧਰ ਦੇ ਸਿਰਲੇਖ ਕਵਿਤਾ ਉਚਾਰਨ ਮੁਕਾਬਲੇ ਪੂਰੇ ਪੰਜਾਬ ਵਿਚ ਭਾਗੀਦਾਰੀ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਉਨਾਂ ਦੱਸਿਆ ਕਿ ਕਵਿਤਾ ਉਚਾਰਨ ਮੁਕਾਬਲੇ ਵਿਚ ਸੂਬੇ ਭਰ ਦੇ ਸਰਕਾਰੀ ਸਕੂਲਾਂ ਦੇ 40 ਹਜਾਰ ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿਚ ਫ਼ਾਜ਼ਿਲਕਾ ਜ਼ਿਲਾ ਦੇ ਵੱਖ-ਵੱਖ ਵਰਗਾਂ ਦੇ 1548 ਭਾਗੀਦਾਰਾਂ ਦੀ ਸ਼ਮੂਲੀਅਤ ਰਹੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲਾ ਸਿਖਿਆ ਅਧਿਕਾਰੀ ਐਲੀਮੈਂਟਰੀ ਡਾ. ਸੁਖਵੀਰ ਸਿੰਘ ਬੱਲ ਨੇ ਦੱਸਿਆ ਕਿ ਪ੍ਰਾਇਮਰੀ ਵਰਗ ਵਿਚ ਬਲਾਕ ਖੂਈਆਂ ਸਰਵਰ ਦੇ 370 ਵਿਦਿਆਰਥੀਆਂ ਨੇ ਭਾਗ ਲੈ ਕੇ ਇਕ ਵਾਰ ਫਿਰ ਸੂਬੇ ਭਰ ਵਿਚੋਂ ਤੀਜਾ ਸਥਾਨ ਹਾਸਲ ਕੀਤਾ ਹੈ ਜੋ ਕਿ ਫ਼ਾਜ਼ਿਲਕਾ ਜ਼ਿਲੇ ਲਈ ਮਾਣ ਵਾਲੀ ਗੱਲ ਤਾਂ ਹੈ ਹੀ ਬਲਕਿ ਦੂਜੇ ਸਕੂਲਾਂ ਦੇ ਵਿਦਿਆਰਥੀਆਂ ਲਈ ਪ੍ਰੇਰਣਾਦਾਇਕ ਹੈ। ਉਨਾਂ ਖੂਈਆਂ ਸਰਵਰ ਬਲਾਕ ਦੇ ਸਮੂਹ ਭਾਗੀਦਾਰਾਂ ਨੂੰ ਵਧਾਈ ਦਿੰਦੇ ਹੋਏ ਮਿਹਨਤ ਨਾਲ ਹੋਰ ਅਗੇ ਕਦਮ ਵਧਾਉਣ ਲਈ ਕਿਹਾ।

ਡਿਪਟੀ ਡੀ.ਈ.ਓ ਬ੍ਰਿਜਮੋਹਨ ਸਿੰਘ ਬੇਦੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰਾਇਮਰੀ ਵਰਗ ਵਿਚ 1139 ਮਿਡਲ ਵਰਗ ਵਿਚ 203 ਅਤੇ ਸੈਕੰਡਰੀ ਵਰਗ ਵਿਚੋ 206 ਵਿਦਿਆਰਥੀਆਂ ਨੇ ਕਵਿਤਾ ਉਚਾਰਨ ਮੁਕਾਬਲੇ ਵਿਚ ਭਾਗ ਲਿਆ ਗਿਆ। ਜਿਸ ਵਿਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਵੀ ਸ਼ਾਮਿਲ ਹਨ। ਉਨਾਂ ਕਿਹਾ ਕਿ ਸਿਖਿਆ ਵਿਭਾਗ ਦੇ ਇਸ ਉਪਰਾਲੇ ਦੀ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਵੱਡੀ ਗਿਣਤੀ ਵਿਚ ਆਪਣੇ ਬਚਿਆਂ ਨੂੰ ਇਨਾਂ ਮੁਕਾਬਲਿਆਂ ਵਿਚ ਭਾਗ ਲੈ ਕੇ ਅੱਗੇ ਵਧਦੇ ਦੇਖ ਉਨਾਂ ਅੰਦਰ ਖੁਸ਼ੀ ਵੀ ਪਾਈ ਜਾ ਰਹੀ ਹੈ।

ਇਸ ਮੌਕੇ ਪੰਮੀ ਸਿੰਘ ਨੋਡਲ ਅਫਸਰ ਸੈਕੰਡਰੀ ਸਿਖਿਆ, ਸਵੀਕਾਰ ਗਾਂਧੀ ਨੋਡਲ ਅਫਸਰ ਐਲੀਮੈਂਟਰੀ ਸਿਖਿਆ, ਸੰਦੀਪ ਕੁਮਾਰ ਸੋਸਲ ਮੀਡੀਆ ਇੰਚਾਰਜ ਅਤੇ ਗੌਤਮ ਗੌੜ ਡੀ.ਐਮ ਹਾਜਿਰ ਰਹੇ।

**I/62100/2020**

**ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਫਾਜਿਲਕਾ**

**ਫਾਜ਼ਿਲਕਾ ਜ਼ਿਲੇ ਵਿਚ ਕੋਵਿਡ ਤੋਂ ਠੀਕ ਹੋਣ ਵਾਲਿਆਂ ਦੀ ਦਰ ਵੱਧ ਕੇ ਹੋਈ 75 ਫੀਸਦੀ ਡਿਪਟੀ ਕਮਿਸ਼ਨਰ**

**ਅੱਜ 14 ਜਣੇ ਹੋਰ ਠੀਕ ਹੋ ਕੇ ਘਰਾਂ ਨੂੰ ਪਰਤੇ**

**326 ਨੈਗੇਟਿਵ ਰਿਪੋਰਟਾਂ ਅਤੇ 9 ਪਾਜਿਟਿਵ ਰਿਪੋਰਟਾਂ ਪ੍ਰਾਪਤ**

**ਫਾਜ਼ਿਲਕਾ, 10 ਅਗਸਤ**

ਫਾਜ਼ਿਲਕਾ ਜ਼ਿਲੇ ਵਿਚ ਕੋਵਿਡ ਤੇ ਫਤਿਹ ਹਾਸਲ ਕਰਨ ਵਾਲਿਆਂ ਦੀ ਦਰ ਵਿਚ ਲਗਾਤਾਰ ਸੁਧਾਰ ਹੋ ਰਿਹਾ ਹੈ। ਜ਼ਿਲੇ ਵਿਚ ਇਸ ਸਮੇਂ ਕੋਵਿਡ ਨੂੰ ਮਾਤ ਦੇ ਕੇ ਠੀਕ ਹੋਣ ਵਾਲਿਆਂ ਦੀ ਦਰ 75.26 ਫੀਸਦੀ ਹੋ ਗਈ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਕੋਵਿਡ ਸਬੰਧੀ ਸਮੀਖਿਆ ਬੈਠਕ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਇਸ ਮੌਕੇ ਉਨਾਂ ਨਾਲ ਐਸ.ਐਸ.ਪੀ. ਸ: ਹਰਜੀਤ ਸਿੰਘ ਵੀ ਹਾਜਰ ਸਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲੇ ਵਿਚ ਅੱਜ ਤੱਕ ਕੁੱਲ 409 ਮਰੀਜ ਦੀ ਕੋਵਿਡ ਰਿਪੋਰਟ ਪਾਜਿਟਿਵ ਆਈ ਹੈ ਅਤੇ ਇੰਨਾਂ ਵਿਚੋਂ 25 ਹੋਰਨਾਂ ਜ਼ਿਲਿਆਂ ਦੇ ਸਨ ਅਤੇ ਬਾਕੀ ਜ਼ਿਲਾ ਫਾਜਿਲਕਾ ਨਾਲ ਸਬੰਧਤ 384 ਵਿਚੋਂ 289 ਠੀਕ ਹੋ ਕੇ ਘਰਾਂ ਨੂੰ ਪਰਤ ਚੁੱਕੇ ਹਨ। ਅੱਜ ਵੀ 14 ਜਣੇ ਕਰੋਨਾ ਨੂੰ ਹਰਾ ਕੇ ਘਰਾਂ ਨੂੰ ਪਰਤੇ ਹਨ। ਉਨਾਂ ਹੋਰ ਦੱਸਿਆ ਕਿ ਅੱਜ 326 ਨੈਗੇਟਿਵ ਰਿਪੋਰਟਾਂ ਵੀ ਪ੍ਰਾਪਤ ਹੋਈਆਂ ਹਨ। ਜਦ ਕਿ ਅੱਜ ਕੁੱਲ 9 ਪਾਜਿਟਿਵ ਰਿਪੋਰਟਾਂ ਪ੍ਰਾਪਤ ਹੋਈਆਂ ਹਨ ਜਿੰਨਾਂ ਵਿਚੋਂ 2 ਐਂਟੀਜਨ ਟੈਸਟ ਅਤੇ 1 ਟ੍ਰੂਨੈਟ ਮਸ਼ੀਨ ਟੈਸਟ ਰਾਹੀਂ ਪਤਾ ਲੱਗੀ ਹੈ ਜਦਕਿ 6 ਟੈਸਟ ਰਿਪੋਰਟਾਂ ਫਰੀਦਕੋਟ ਤੋਂ ਪ੍ਰਾਪਤ ਹੋਈਆਂ ਹਨ। ਇਸ ਤਰਾਂ ਹੁਣ ਕੁੱਲ ਐਕਟਿਵ ਕੇਸ 93 ਹਨ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲੇ ਵਿਚ ਇਸ ਸਮੇਂ ਚਾਰ ਮਾਇਕ੍ਰੋ ਕੋਨਟੇਨਮੈਂਟ ਜੋਨ ਹਨ। ਉਨਾਂ ਨੇ ਇਸ ਮੌਕੇ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਸੈਂਪਿਗ ਵਧਾਈ ਜਾਵੇ। ਉਨਾਂ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਇਲਾਕੇ ਵਿਚ ਕੋਈ ਵਿਅਕਤੀ ਪਾਜਿਟਿਵ ਆਉਂਦਾ ਹੈ ਤਾਂ ਉਸਦੇ ਸੰਪਰਕ ਵਿਚ ਆਏ ਲੋਕ ਆਪਣੇ ਟੈਸਟ ਜਰੂਰ ਕਰਵਾਉਣ। ਉਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਹ ਟੈਸਟ ਦਰਦ ਰਹਿਤ ਅਤੇ ਟੈਸਟ ਹੋਣ ਨਾਲ ਅਸੀਂ ਬਿਮਾਰੀ ਦੇ ਅੱਗੇ ਪਸਾਰ ਨੂੰ ਰੋਕ ਸਕਦੇ ਹਾਂ।

ਐਸ.ਐਸ.ਪੀ. ਸ: ਹਰਜੀਤ ਸਿੰਘ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਘਰੋਂ ਬਾਹਰ ਨਿਕਲਣ ਸਮੇਂ ਮਾਸਕ ਜਰੂਰ ਪਾਇਆ ਜਾਵੇ ਅਤੇ ਕੰਮ ਦੀਆਂ ਥਾਂਵਾਂ, ਬਜਾਰਾਂ, ਸਮਾਜਿਕ ਥਾਂਵਾਂ ਤੇ ਆਪਸੀ ਵਿੱਥ ਦੇ ਨਿਯਮ ਦਾ ਪਾਲਣ ਕੀਤਾ ਜਾਵੇ। ਉਨਾਂ ਨੇ ਦੱਸਿਆ ਕਿ ਮਾਸਕ ਨਾ ਪਾਉਣ ਵਾਲਿਆਂ ਦੇ 11000 ਚਲਾਨ ਪੁਲਿਸ ਵਿਭਾਗ ਨੇ ਕੀਤੇ ਹਨ ਅਤੇ ਹੁਣ ਮਾਸਕ ਨਾ ਪਾਉਣ ਵਾਲਿਆਂ ਦੇ ਨਾਲ ਨਾਲ ਸਮਾਜਿਕ ਵਿੱਥ ਦੇ ਨਿਯਮ ਦਾ ਉਲੰਘਣ ਕਰਨ ਵਾਲਿਆਂ ਨਾਲ ਵੀ ਸਖ਼ਤੀ ਵਰਤਦਿਆਂ ਚਲਾਨ ਕੀਤੇ ਜਾਣਗੇ।

ਬੈਠਕ ਵਿਚ ਏ.ਡੀ.ਸੀ. ਵਿਕਾਸ ਸ੍ਰੀ ਨਵਲ ਕੁਮਾਰ, ਸਹਾਇਕ ਕਮਿਸ਼ਨਰ ਜਨਰਲ ਸ: ਕੰਵਰਜੀਤ ਸਿੰਘ ਵੀ ਹਾਜਰ ਸਨ।

**I/62217/2020**

**ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜਿਲਕਾ**

**22 ਲੱਖ ਰੁਪਏ ਦੀ ਲਾਗਤ ਨਾਲ ਬਣੇ ਵਾਟਰ ਬਾਕਸ ਦਾ ਨੀਂਹ ਪੱਥਰ ਰੱਖਿਆ:- ਵਿਧਾਇਕ ਘੁਬਾਇਆ**

**ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਕਰਨ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ**

**ਫਾਜ਼ਿਲਕਾ, 10 ਅਗਸਤ**

ਅੱਜ ਫਾਜ਼ਿਲਕਾ ਹਲਕੇ ਦੇ ਬਾਰਡਰ ਪੱਟੀ ਤੇ ਵਸਦੇ ਪਿੰਡ ਮੁਹਾਰ ਜਮਸ਼ੇਰ ਦੇ ਲੋਕਾਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਫਾਜ਼ਿਲਕਾ ਵਿਧਾਇਕ ਸ. ਦਵਿੰਦਰ ਸਿੰਘ ਘੁਬਾਇਆ ਨੇ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਤੋਂ ਬਚਾਅ ਲਈ ਵਾਟਰ ਬਾਕਸ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ।

ਵਿਧਾਇਕ ਸ. ਘੁਬਾਇਆ ਨੇ ਕਿਹਾ ਕਿ ਪਿਛਲੇ ਕੁੱਝ ਸਾਲਾ ਤੋ ਸਾਡੇ ਬਾਰਡਰ ਦੇ ਕੁੱਝ ਪਿੰਡਾਂ ਚ ਕੈਂਸਰ ਨਾਲ ਹੋਈਆਂ ਮੋਤਾ ਦੀਆ ਸ਼ਿਕਾਇਤਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀ ਗਈਆਂ ਜਿਸ `ਤੇ ਕਾਰਵਾਈ ਕਰਦਿਆਂ ਸੈਨੀਟੇਸ਼ਨ ਵਿਭਾਗ ਨੂੰ ਸੂਚਿਤ ਕਰ ਕੇ 22.30 ਲੱਖ ਰੁਪਏ ਦੇ ਪ੍ਰੋਜੈਕਟ ਲਿਆ ਕੇ ਪਿੰਡ ਵਾਸੀਆਂ ਦੇ ਲਈ ਕੰਮ ਕੀਤਾ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਵਾਸੀਆਂ ਨੂੰ ਸਹੂਲਤਾਂ ਮੁਹੱਈਆ ਕਰਵਾਉਣ ਲਈ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਕਰਨ ਲਈ ਸਰਕਾਰ ਯਤਨਸ਼ੀਲ ਹੈ ਉਨ੍ਹਾਂ ਨੂੰ ਸਰਕਾਰ ਨੇ ਹਲਕੇ ਦਾ ਵਿਕਾਸ ਕਰਨ ਲਈ ਤਾਇਨਾਤ ਕੀਤਾ ਗਿਆ ਹੈ ਤੇ ਉਨ੍ਹਾਂ ਵੱਲੋਂ ਪਿੰਡਾਂ ਦਾ ਵਿਕਾਸ ਕਰਨ ਵਿਚ ਵਿਸ਼ੇਸ਼ ਤਵਜੋਂ ਦਿੱਤੀ ਜਾਵੇਗੀ। ਇਸ ਮੌਕੇ ਗੁਰਦਿਆਲ ਸਿੰਘ ਚੇਅਰਮੈਨ ਬਲਾਕ ਸੰਮਤੀ ਫਾਜ਼ਿਲਕਾ, ਸੁੱਖਾ ਸਿੰਘ ਵਾਇਸ ਚੇਅਰਮੈਨ ਬਲਾਕ ਸੰਮਤੀ ਫਾਜ਼ਿਲਕਾ, ਬਿੱਟੂ ਬਾਡੀ ਵਾਲਾ ਵਾਇਸ ਚੇਅਰਮੈਨ ਮਾਰਕੀਟ ਕਮੇਟੀ ਫਾਜ਼ਿਲਕਾ,ਹੰਸਾ ਸਿੰਘ ਸਰਪੰਚ ਮੁਹਾਰ ਜਮਸ਼ੇਰ, ਸਰੋਜ ਰਾਣੀ ਪੰਚ ਕੁਲਵੰਤ ਸਿੰਘ ਪੰਚ, ਹਰਨੇਕ ਸਿੰਘ ਪੰਚ, ਕਸ਼ਮੀਰ ਸਿੰਘ ਪੰਚ, ਸੀਨਾ ਸਿੰਘ ਐਕਸ ਸਰਪੰਚ, ਕਸ਼ਮੀਰ ਸਿੰਘ ਸਰਪੰਚ ਮੁਹਾਰ ਖੀਵਾ, ਛੁੰਮਣ ਸਿੰਘ ਸਰਪੰਚ ਮੁਹਾਰ ਖੀਵਾ ਮੁੰਹਾਨੀ, ਖਾਣ ਸਿੰਘ ਐਕਸ ਸਰਪੰਚ, ਕਰਨ ਸਿੰਘ ਗੁਰਮੀਤ ਸਿੰਘ ਸਰਪੰਚ ਰੇਤਾ ਭੈਣੀ, ਐਕਸ ਈ ਐਨ ਕੇਵਲ ਗਰਗ, ਐਸ ਡੀ ਓ ਸੰਦੀਪ ਸਿੰਘ, ਜੇ ਈ ਸੁਖਵਿੰਦਰ ਸਿੰਘ, ਐਸ ਐਸ ਓ ਸਦਰ ਜਤਿੰਦਰ ਸਿੰਘ, ਨੀਲਾ ਮਦਾਨ, ਮਾਸਟਰ ਜੋਗਿੰਦਰ ਸਿੰਘ ਘੁਬਾਇਆ, ਮਾਸਟਰ ਛਿੰਦਰ ਸਿੰਘ, ਹਰਬੰਸ ਸਿੰਘ ਪੀ ਏ, ਸੋਨੂ ਸਰਪੰਚ, ਬਲਦੇਵ ਸਿੰਘ ਭੱਟੀ, ਰਾਜ ਸਿੰਘ ਨੱਥੂ ਚਿਸਤੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

**I/62250/2020**

**ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਫਾਜਿਲਕਾ**

**ਪਿੰਡ ਮਹਾਲਮ ਵਿਚ ਲਗਭਗ 1200 ਲੀਟਰ ਲਾਹਣ ਅਤੇ 70 ਲੀਟਰ ਨਜਾਇਜ ਸ਼ਰਾਬ ਬਰਾਮਦ ਐਸ.ਐਸ.ਪੀ.**

**ਪੁਲਿਸ ਵਿਭਾਗ ਅਤੇ ਐਕਸਾਈਜ ਵਿਭਾਗ ਨੇ ਕੀਤੀ ਸਾਂਝੀ ਕਾਰਵਾਈ**

**3 ਐਫਆਈਆਰ ਦਰਜ**

**ਜਲਾਲਾਬਾਦ, ਫਾਜ਼ਿਲਕਾ, 10 ਅਗਸਤ**

ਸੋਮਵਾਰ ਦੀ ਸਵੇਰ ਪੁਲਿਸ ਵਿਭਾਗ ਨੇ ਇਕ ਵੱਡੀ ਕਾਰਵਾਈ ਕਰਦਿਆਂ ਜ਼ਿਲੇ ਦੇ ਪਿੰਡ ਮਹਾਲਮ ਵਿਚ ਰੇਡ ਕੀਤੀ ਅਤੇ ਇੱਥੇ ਵੱਖ ਵੱਖ ਥਾਂਵਾਂ ਤੇ ਲੁਕਾ ਕੇ ਰੱਖੀ ਲਗਭਗ 1200 ਲੀਟਰ ਲਾਹਣ ਬਰਾਮਦ ਕੀਤੀ ਗਈ। ਇਸ ਮੌਕੇ ਐਕਸਾਈਜ ਵਿਭਾਗ ਦੀ ਟੀਮ ਵੀ ਉਨਾਂ ਦੇ ਨਾਲ ਸੀ।

ਇਹ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਸ: ਹਰਜੀਤ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ 4 ਵਜੇ ਜ਼ਿਲੇ ਦੇ ਵੱਖ ਵੱਖ ਥਾਣਿਆਂ ਦੀ ਪੁਲਿਸ ਅਤੇ ਵਿਭਾਗ ਦੀ ਟੀਮ ਇੱਕਠੀ ਹੋਈ ਅਤੇ ਇਸ ਤੋਂ ਬਾਅਦ ਦਿਨ ਚੜਦੇ ਨਾਲ ਪਿੰਡ ਮਹਾਲਮ ਵਿਚ ਤਲਾਸੀ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੌਰਾਨ ਲੋਕਾਂ ਦੇ ਘਰਾਂ ਦੇ ਨਾਲ ਨਾਲ ਪਿੰਡ ਦੀਆਂ ਸਾਂਝੀਆਂ ਥਾਂਵਾਂ ਤੋਂ ਵੀ ਲਾਹਣ ਬਰਾਮਦ ਹੋਈ। ਇਸ ਮੌਕੇ ਲੋਕਾਂ ਦੇ ਘਰਾਂ ਤੋਂ 1200 ਲੀਟਰ ਲਾਹਣ ਅਤੇ 70 ਲੀਟਰ ਨਜਾਇਜ ਸ਼ਰਾਬ ਬਰਾਮਦ ਹੋਈ। ਇਸ ਸਬੰਧੀ 3 ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਐਕਸਾਈਜ ਵਿਭਾਗ ਦੇ ਇੰਸਪੈਕਟਰ ਜੈਸਲਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਤੋਂ ਬਿਨਾਂ 5300 ਲੀਟਰ ਲਾਹਣ ਹੋਰ ਸਾਂਝੀਆਂ ਥਾਂਵਾਂ ਤੋਂ ਵੀ ਬਰਾਮਦ ਕਰਕੇ ਨਸ਼ਟ ਕੀਤੀ ਗਈ ਹੈ।

ਇਸ ਤੋਂ ਬਿਨਾਂ ਬੀਤੇ 24 ਘੰਟਿਆਂ ਦੌਰਾਨ ਥਾਣਾ ਸਦਰ ਜਲਾਲਾਬਾਦ ਅਤੇ ਥਾਣਾ ਸਦਰ ਅਬੋਹਰ ਵਿਖੇ ਨਸ਼ਿਆਂ ਨਾਲ ਸਬੰਧਤ ਮਾਮਲਿਆਂ ਵਿਚ 4 ਮੁਕਦਮੇ ਦਰਜ ਕੀਤੇ ਗਏ ਹਨ। ਇੰਨਾਂ ਕੇਸਾਂ ਵਿਚ 2 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਬਾਕੀਆਂ ਦੀ ਭਾਲ ਜਾਰੀ ਹੈ। ਦੋਸ਼ੀਆਂ ਕੋਲੋਂ 250 ਨਸ਼ੀਲੀਆਂ ਗੋਲੀਆਂ, 15 ਲੀਟਰ ਲਾਹਨ ਤੇ 44 ਬੋਤਲਾਂ ਬਰਾਮਦ ਕੀਤੀਆਂ ਗਈਆਂ ਹਨ।

ਇਸ ਬਾਰੇ ਐਸ.ਐਸ. ਪੀ. ਸ: ਹਰਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਦੇ ਮੱਦੇਨਜਰ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਲਈ ਸਖਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਕੋਈ ਨਸ਼ੇ ਦਾ ਕਾਰੋਬਾਰ ਕਰਦਾ ਨਜਰ ਆਉਂਦਾ ਹੈ ਤਾਂ ਉਹ ਨੇੜੇ ਦੇ ਥਾਣੇ ਵਿਚ ਸੂਚਨਾ ਦੇਵੇ ਤਾਂ ਜੋ ਦੋਸ਼ੀਆਂ ਖਿਲਾਫ ਕਾਰਵਾਈ ਆਰੰਭੀ ਜਾ ਸਕੇ, ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।